Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੂੰ ਦਸ ਫੈਸਿਲਿਟੀਜ ਲਈ ਕੰਪਲੀਮੈਂਟਰੀ ਰਿਕ ਹੈਨਸਨ ਫਾਊਂਡੇਸ਼ਨ ਐਕਸੈਸੀਬਿਲਿਟੀ ਸਰਟੀਫਿਕੇਸ਼ਨ ਰੇਟਿੰਗ ਮਿਲ ਰਹੀ ਹੈ

ਬ੍ਰੈਂਪਟਨ, ਓਨਟੈਰੀਓ (1 ਅਕਤੂਬਰ, 2020) – ਸਿਟੀ ਆਫ ਬ੍ਰੈਂਪਟਨ ਦੀਆਂ ਦਸ ਥਾਵਾਂ, ਰਿਕ ਹੈਨਸਨ ਫਾਊਂਡੇਸ਼ਨ ਐਕਸੈਸੀਬਿਲਿਟੀ ਸਰਟੀਫਿਕੇਸ਼ਨ™ (ਆਰ.ਐਚ.ਐਫ.ਏ.ਸੀ.) (Rick Hansen Foundation Accessibility Certification™) (RHFAC) ਪ੍ਰੋਗਰਾਮ ਦੁਆਰਾ ਬਿਲਡਿੰਗਾਂ ਦੀ ਪਹੁੰਚਯੋਗਤਾ ਦੀ ਸਥਿਤੀ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਚੁਣੀਆਂ ਗਈਆਂ ਹਨ। ਇਹ ਕੰਪਲੀਮੈਂਟਰੀ ਆਰ.ਐਚ.ਐਫ.ਏ.ਸੀ. (RHFAC) ਰੇਟਿੰਗਸ ਮਿਲਣ ਨਾਲ, ਸਿਟੀ ਚੁਣੀਆਂ ਗਈਆਂ ਬਿਲਡਿੰਗਾਂ ਦੇ ਪਹੁੰਚਯੋਗਤਾ ਪੱਧਰ ਨੂੰ ਬਿਹਤਰ ਢੰਗ ਨਾਲ ਸਮਝ ਸਕੇਗੀ ਅਤੇ ਭਵਿੱਖ ਵਿੱਚ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਦੇ ਤਰੀਕਿਆਂ ਦੀ ਪਛਾਣ ਕਰ ਸਕੇਗੀ।

ਚੁਣੀਆਂ ਗਈਆਂ ਦਸ ਫੈਸਿਲਿਟੀਜ ਵਿੱਚ ਸ਼ਾਮਲ ਹਨ:

- ਲੈਸਟਰ ਬੀ. ਪੀਅਰਸਨ ਥਿਏਟਰ (Lester B. Pearson Theatre)
- ਦ ਰੋਜ਼ ਥਿਏਟਰ (The Rose Theatre)
- ਪੀ.ਓ.ਏ.ਕੋਰਟਹਾਊਸ (POA Courthouse)
- ਗੋਰ ਮੇਡੋਜ ਕਮਿਊਨਿਟੀ ਸੈਂਟਰ ਐਂਡ ਲਾਇਬ੍ਰੇਰੀ (Gore Meadows Community Centre and Library)
- ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ (Cassie Campbell Community Centre)
- ਸਿਟੀ ਹਾਲ (City Hall)
- ਬੀ.ਐਫ.ਈ.ਐਸ. ਅਪਾਰਟਸ ਐਂਡ ਮੈਂਟੇਨੈਂਸ ਫੈਸਿਲਿਟੀ (BFES Apparatus and Maintenance Facility)
- ਬ੍ਰੈਂਪਟਨ ਗੇਟਵੇ ਟਰਮੀਨਲ (Brampton Gateway Terminal)
- ਬ੍ਰੈਮਲੀ ਟ੍ਰਾਂਜ਼ਿਟ ਟਰਮੀਨਲ (Bramalea Transit Terminal)
- ਸਪ੍ਰਿੰਗਡੇਲ ਲਾਇਬ੍ਰੇਰੀ (Springdale Library)

ਰਿਕ ਹੈਨਸਨ ਫਾਊਂਡੇਸ਼ਨ (Rick Hansen Foundation), ਪੂਰੇ ਓਨਟੈਰੀਓ ਵਿੱਚ ਚੋਣਵੀਆਂ ਮਿਊਨਿਸਿਪਲਟੀਜ ਵਿੱਚ 250 ਕੰਪਲੀਮੈਂਟਰੀ ਰੇਟਿੰਗਸ ਦਾ ਸੰਚਾਲਨ ਕਰੇਗੀ। ਇਸਦੀ ਫੰਡਿੰਗ ਓਨਟੈਰੀਓ ਸਰਕਾਰ (Government of Ontario) ਵੱਲੋਂ ਕੀਤੀ ਗਈ ਹੈ। ਆਰ.ਐਚ.ਐਫ.ਏ.ਸੀ. ਪ੍ਰੋਗਰਾਮ, ਕਾਰੋਬਾਰਾਂ ਅਤੇ ਪਬਲਿਕ ਬਿਲਡਿੰਗਾਂ ਲਈ ਆਰ.ਐਚ.ਐਫ.ਏ.ਸੀ. ਕਾਰਜ ਪ੍ਰਣਾਲੀ ਵਰਤਦੇ ਹੋਏ, ਪਹੁੰਚਯੋਗਤਾ ਰੇਟਿੰਗਸ ਪ੍ਰਦਾਨ ਕਰਨ ਲਈ ਸਿੱਖਿਅਤ ਪੇਸ਼ਾਵਰਾਂ ਦੀ ਵਰਤੋਂ ਕਰਦਾ ਹੈ, ਤਾਂ ਜੋ ਪ੍ਰਾਪਰਟੀ ਮੈਨੇਜਰਾਂ ਅਤੇ ਮਾਲਕਾਂ ਨੂੰ, ਪਛਾਣੀਆਂ ਗਈਆਂ ਰੁਕਾਵਟਾਂ ਨੂੰ ਦੂਰ ਕਰਨ ਅਤੇ ਆਪਣੀਆਂ ਥਾਵਾਂ ਅਤੇ ਭਾਈਚਾਰਿਆਂ ਨੂੰ ਹੋਰ ਪਹੁੰਚਯੋਗ ਬਣਾਉਣ ਦੇ ਤਰੀਕੇ ਨਿਰਧਾਰਤ ਕਰਨ ਵਿੱਚ ਮਦਦ ਮਿਲ ਸਕੇ।

ਇਸ ਵੇਲੇ ਪ੍ਰੋਗਰਾਮ ਦੇ ਦੂਜੇ ਰਾਊਂਡ ਵਾਸਤੇ, ਕੰਪਲੀਮੈਂਟਰੀ ਆਰ.ਐਚ.ਐਫ.ਏ.ਸੀ. ਰੇਟਿੰਗਸ ਲਈ ਅਰਜ਼ੀਆਂ, 30 ਨਵੰਬਰ, 2020 ਤੱਕ ਸਵੀਕਾਰ ਕੀਤੀਆਂ ਜਾ ਰਹੀਆਂ ਹਨ। www.rickhansen.com/ontarioratings ਤੇ ਹੋਰ ਜਾਣੋ ਅਤੇ ਅਰਜ਼ੀ ਦਿਓ।

**ਸੰਖੇਪ ਤੱਥ**

- ਆਰ.ਐਚ.ਐਫ.ਏ.ਸੀ. ਰੇਟਿੰਗਸ ਸ਼ੁਰੂ ਹੋਣ ਦਾ ਸਮਾਂ, ਇਸ ਸਾਲ ਦੇ ਅੰਤ ਤੱਕ ਲਈ ਤੈਅ ਕੀਤਾ ਗਿਆ ਹੈ। ਇਹਨਾਂ ਦੇ ਪਤਝੜ 2021 ਤੱਕ ਪੂਰੇ ਹੋਣ ਦੀ ਸੰਭਾਵਨਾ ਹੈ।

- ਜਿਹਨਾਂ ਸੰਗਠਨਾਂ ਨੂੰ ਆਰ.ਐਚ.ਐਫ.ਏ.ਸੀ. ਪ੍ਰੋਗਰਾਮ ਰਾਹੀਂ ਰੇਟਿੰਗ ਦਿੱਤੀ ਜਾਵੇਗੀ, ਉਹਨਾਂ ਨੂੰ ਗੁਪਤ ਸਕੋਰਕਾਰਡ ਰੇਟਿੰਗ ਅਤੇ ਸਫਲਤਾ ਦੇ ਮੁੱਖ ਖੇਤਰਾਂ ਅਤੇ ਉਹਨਾਂ ਦੀ ਥਾਂ ਵਾਸਤੇ ਸੁਧਾਰ ਦੀ ਰਿਪੋਰਟ ਮਿਲੇਗੀ।
- ਪ੍ਰੋਗਰਾਮ ਦੇ ਦੋ ਸਰਟੀਫਿਕੇਸ਼ਨ ਪੱਧਰ ਹਨ: ਆਰ.ਐਚ.ਐਫ. ਐਕਸੈਸੀਬਿਲਿਟੀ ਸਰਟੀਫਾਈਡ (RHF Accessibility Certified) ਅਤੇ ਆਰ.ਐਚ.ਐਫ. ਐਕਸੈਸੀਬਿਲਿਟੀ ਸਰਟੀਫਾਈਡ ਗੋਲਡ (RHF Accessibility Certified Gold)।
- ਸਿਟੀ ਆਫ ਬ੍ਰੈਂਪਟਨ ਅਤੇ ਇਸਦੀ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ (Accessibility Advisory Committee) ਇਹ ਯਕੀਨੀ ਬਣਾਉਣ ਲਈ ਸਮਰਪਿਤ ਹਨ ਕਿ ਹਰ ਉਮਰ ਅਤੇ ਯੋਗਤਾਵਾਂ ਵਾਲੇ ਲੋਕਾਂ ਨੂੰ, ਬ੍ਰੈਂਪਟਨ ਵਿੱਚ ਰਹਿਣ, ਖੇਡਣ, ਘੁੰਮਣ ਅਤੇ ਨਿਵੇਸ਼ ਕਰਨ ਦੇ ਇੱਕੋ ਜਿਹੇ ਮੌਕੇ ਮਿਲਦੇ ਹਨ।

**ਹਵਾਲੇ**

"ਸਿਟੀ ਆਫ ਬ੍ਰੈਂਪਟਨ ਇੱਕ ਮੋਜੈਕ ਹੈ। ਅਸੀਂ ਅਪਾਹਜਪੁਣੇ ਵਾਲੇ ਲੋਕਾਂ ਲਈ ਰੁਕਾਵਟਾਂ ਦੂਰ ਕਰਨ ਲਈ ਵਚਨਬੱਧ ਹਾਂ, ਤਾਂ ਜੋ ਸਾਡੇ ਵੰਨ-ਸੁਵੰਨੇ ਭਾਈਚਾਰੇ ਵਿੱਚ ਹਰ ਕੋਈ ਪੂਰੀ ਤਰ੍ਹਾਂ ਸ਼ਾਮਲ ਹੋ ਸਕੇ। ਮੈਂ ਸਿਟੀ ਦੀਆਂ ਦਸ ਚੁਣੀਆਂ ਗਈਆਂ ਫੈਸਿਲਿਟੀਜ ਲਈ ਆਰ.ਐਚ.ਐਫ.ਏ.ਸੀ. ਰੇਟਿੰਗਸ ਪ੍ਰਾਪਤ ਕਰਨ ਦੇ ਮੌਕੇ ਦਾ ਸੁਆਗਤ ਕਰਦਾ ਹਾਂ। ਮੈਨੂੰ ਅਜੇ ਵੀ ਯਾਦ ਹੈ ਕਿ ਕਿਵੇਂ ਫਾਊਂਡੇਸ਼ਨ ਦੇ ਸਰਟੀਫਿਕੇਸ਼ਨ ਬਾਰੇ ਪਹਿਲੀ ਵਾਰ ਪਤਾ ਲੱਗਾ ਸੀ, ਜਦੋਂ ਓਟਾਵਾ ਵਿੱਚ ਰਿਕ ਨਾਲ ਮੇਰੀ ਮੁਲਾਕਾਤ ਹੋਈ ਸੀ ਅਤੇ ਉਹਨਾਂ ਨੇ ਸਿਟੀ ਵੱਲੋਂ ਅਰਜ਼ੀ ਦੇਣ ਦੀ ਸਲਾਹ ਦਿੱਤੀ ਸੀ। ਸਾਡੀਆਂ ਥਾਵਾਂ ਦੇ ਪਹੁੰਚਯੋਗਤਾ ਪੱਧਰਾਂ ਬਾਰੇ ਬਿਹਤਰ ਢੰਗ ਨਾਲ ਸਮਝਣ ਲਈ, ਅਸੀਂ ਅਜਿਹਾ ਸ਼ਹਿਰ ਬਣਾਉਣ ਵੱਲ ਕੰਮ ਜਾਰੀ ਰੱਖ ਸਕਦੇ ਹਾਂ, ਜੋ ਸਾਰਿਆਂ ਲਈ ਵੱਧ ਸ਼ਮੂਲੀਅਤ ਵਾਲਾ ਅਤੇ ਪਹੁੰਚਯੋਗ ਹੋਵੇ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ ਵਿੱਚ ਕਾਉਂਸਿਲ ਦਾ ਪ੍ਰਤੀਨਿਧੀ ਹੋਣ ਵਜੋਂ, ਇਹ ਸੁਣ ਕੇ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਸਾਡੀ ਸਿਟੀ ਦੀਆਂ ਦਸ ਥਾਵਾਂ ਨੂੰ ਕੰਪਲੀਮੈਂਟਰੀ ਆਰ.ਐਚ.ਐਫ.ਏ.ਸੀ. ਰੇਟਿੰਗਸ ਮਿਲਣਗੀਆਂ। ਰੁਕਾਵਟਾਂ ਨੂੰ ਦੂਰ ਕਰਨ ਨਾਲ, ਸਾਡਾ ਸ਼ਹਿਰ ਹਰ ਕਿਸੇ ਲਈ ਪਹੁੰਚਯੋਗ ਬਣ ਜਾਵੇਗਾ। ਸਾਡੀਆਂ ਬਿਲਡਿੰਗਾਂ ਦੇ ਪਹੁੰਚਯੋਗਤਾ ਪੱਧਰਾਂ ਨੂੰ ਸਮਝ ਕੇ, ਅਸੀਂ ਸੂਬਾਈ ਏ.ਓ.ਡੀ.ਏ. ਰੈਗੁਲੇਸ਼ਨਸ ਦੇ ਮੁਤਾਬਕ ਅਤੇ ਇਸਤੋਂ ਵੀ ਵੱਧ, ਸੂਚਿਤ ਪਹੁੰਚਯੋਗਤਾ ਸੁਧਾਰ ਕਰਨ ਦੇ ਯੋਗ ਹੋਵਾਂਗੇ, ਤਾਂ ਜੋ ਸਾਡੇ ਨਿਵਾਸੀ, ਸਿਟੀ ਦੀਆਂ ਫੈਸਿਲਿਟੀਜ ਦਾ ਅਨੰਦ ਮਾਣ ਸਕਣ।"

*- ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8, ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ ਕਾਉਂਸਿਲ ਮੈਂਬਰ, ਸਿਟੀ ਆਫ ਬ੍ਰੈਂਪਟਨ; ਮੈਂਬਰ, ਰੀਜਨ ਆਫ ਪੀਲ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ*

"ਸਿਟੀ ਆਫ ਬ੍ਰੈਂਪਟਨ ਵਿਖੇ, ਅਸੀਂ ਅਜਿਹਾ ਮੋਜੈਕ ਸਿਟੀ ਬਣਾਉਣ ਲਈ ਵਚਨਬੱਧ ਹਾਂ, ਜੋ ਹਰ ਸਮਰੱਥਾ ਵਾਲੇ ਲੋਕਾਂ ਨੂੰ ਸੇਵਾ ਦੇਵੇ। ਸਾਡੀਆਂ ਦਸ ਚੋਣਵੀਆਂ ਥਾਵਾਂ ਲਈ, ਆਰ.ਐਚ.ਐਫ.ਏ.ਸੀ. ਰੇਟਿੰਗਸ ਮਿਲਣ ਨਾਲ, ਅਸੀਂ ਇਸ ਬਾਰੇ ਵੱਧ ਦ੍ਰਿਸ਼ਟੀਕੋਣ ਪ੍ਰਾਪਤ ਕਰਾਂਗੇ ਕਿ ਸਾਡੀਆਂ ਫੈਸਿਲਿਟੀਜ ਨੂੰ, ਸਾਰੇ ਬ੍ਰੈਂਪਟਨ ਵਾਸੀਆਂ ਲਈ ਕਿਵੇਂ ਵੱਧ ਪਹੁੰਚਯੋਗ ਬਣਾਇਆ ਜਾਵੇ ਅਤੇ ਉਸਦੇ ਮੁਤਾਬਕ ਭਵਿੱਖ ਵਿੱਚ ਪਹੁੰਚਯੋਗਤਾ ਲਈ ਸੁਧਾਰ ਕਰਨ ਦੀ ਸਥਿਤੀ ਵਿੱਚ ਕਿਵੇਂ ਲਿਆਂਦਾ ਜਾਵੇ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ

BRAMPTON

Media Release

ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca